**ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ.(ਅੰਗ੍ਰੇਜ਼ੀ)/ਸਸਅ/2009/65810-13
ਮਿਤੀ ਚੰਡੀਗੜ੍ਹ: 20-10-2010

**ਵਿਸ਼ਾ: ਟੀ.ਐਲ.ਐਮ. ਦੀ ਵਰਤੋ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਹਰੇਕ ਸਕੂਲ ਵਿੱਚ ਹਰ ਅਧਿਆਪਕ ਨੂੰ ਸਲਾਨਾ ਟੀ.ਐਲ.ਐਮ. ਦੀ ਗਰਾਂਟ ਜਾਰੀ ਕੀਤੀ ਜਾਂਦੀ ਹੈ ਪਰ ਦੇਖਣ ਵਿਚ ਅਕਸਰ ਇਹ ਆਇਆ ਹੈ ਕਿ ਅਧਿਆਪਕ ਸਮੇਂ ਸਿਰ ਇਹ ਗਰਾਂਟ ਖਰਚ ਨਹੀਂ ਕਰਦੇ ਜਿਸ ਕਰਕੇ ਟੀ.ਐਲ.ਐਮ. ਗਰਾਂਟ ਅਣਵਰਤੀ ਹੀ ਪਈ ਰਹਿੰਦੀ ਹੈ। ਜੋ ਕਿ ਸਰਵ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਦੀ ਸਰਾਸਰ ਉਲੰਘਣਾ ਹੈ। ਦੂਸਰਾ, ਸਮੇਂ ਸਿਰ ਟੀ.ਐਲ.ਐਮ. ਦੀ ਵਰਤੋਂ ਨਾ ਕਰਨ ਕਾਰਨ ਬੱਚਿਆਂ ਨੂੰ ਵੀ ਇਸ ਦਾ ਕੋਈ ਫਾਇਦਾ ਨਹੀਂ ਹੁੰਦਾ। ਸੋ ਸਮੇ ਸਿਰ ਟੀ.ਐਲ.ਐਮ. ਗਰਾਂਟ ਨੂੰ ਖਰਚਣਾਂ ਅਧਿਆਪਕ ਦੀ ਜਿੰਮੇਵਾਰੀ ਹੈ।

3.0 ਸਮੂਹ ਸਰਕਾਰੀ ਅੱਪਰ-ਪ੍ਰਾਇਮਰੀ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸਕੂਲਾਂ ਅੰਦਰ ਪਾਠਕ੍ਰਮ ਅਨੁਸਾਰ ਵਰਤੀ ਜਾਣ ਵਾਲੀ ਟੀ.ਐਲ.ਐਮ. ਆਪ ਤਿਆਰ ਕਰਕੇ ਬੱਚਿਆਂ ਨੂੰ ਟੀ.ਐਲ.ਐਮ. ਦੀ ਮਦਦ ਨਾਲ ਪੜ੍ਹਾਉਣ। ਅਧਿਆਪਕ ਵਲੋ ਟੀ.ਐਲ.ਐਮ. ਤਿਆਰ ਕਰਨ ਸਮੇਂ ਬੱਚਿਆਂ ਦੀ ਸ਼ਮੂਲੀਅਤ ਵੀ ਯਕੀਨੀ ਬਣਾਈ ਜਾਵੇਗੀ।

4.0 ਅੰਗ੍ਰੇਜ਼ੀ ਮਾਸਟਰ ਟ੍ਰੇਨਰ ਅਤੇ ਮੈਥ ਮਾਸਟਰ ਟ੍ਰੇਨਰ ਅਧਿਆਪਕ ਨੂੰ ਪਾਠਕ੍ਰਮ ਅਨੁਸਾਰ ਟੀ.ਐਲ.ਐਮ. ਤਿਆਰ ਕਰਨ ਵਿੱਚ ਜਿੱਥੇ ਮਦਦ ਕਰਨਗੇ ਉੱਥੇ ਟੀ.ਐਲ.ਐਮ. ਦੀ ਰਾਸ਼ੀ ਨੂੰ ਸਮੇਂ ਸਿਰ ਖਰਚ ਕਰਨ ਸਬੰਧੀ ਵੀ ਮੁਨੀਟਰ ਕਰਨਗੇ।

5.0 ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਧਿਆਪਕ ਆਪਣੀ ਟੀ.ਐਲ.ਐਮ. ਨੂੰ ਆਪਣੇ ਕੋਲ ਹੀ ਸਾਂਭ ਕੇ ਰੱਖਦੇ ਹਨ ਜਦਕਿ ਟੀ.ਐਲ.ਐਮ. ਸਕੂਲ ਦੀ ਸਾਂਝੀ ਸੰਪੱਤੀ ਹੈ। ਇਸਨੂੰ ਕੋਈ ਹੋਰ ਅਧਿਆਪਕ ਜਾਂ ਸਿੱਖਿਆ ਕਰਮੀ ਵੀ ਬੱਚਿਆ ਨੂੰ ਪੜ੍ਹਾਉਣ ਸਮੇਂ ਵਰਤ ਸਕਦੇ ਹਨ ਕਿਉਂਕਿ ਸਿੱਖਿਆ ਕਰਮੀ ਨੂੰ ਟੀ.ਐਲ.ਐਮ. ਲਈ ਕੋਈ ਵੱਖਰੀ ਰਾਸ਼ੀ ਜਾਰੀ ਨਹੀਂ ਕੀਤੀ ਜਾਂਦੀ। ਸਕੂਲ ਵਿੱਚ ਟੀ.ਐਲ.ਐਮ. ਲਈ ਕੋਈ ਜਗ੍ਹਾ ਨਿਸ਼ਚਿਤ ਹੋਵੇ ਜਿੱਥੋ ਅਧਿਆਪਕ/ਸਿੱਖਿਆ ਕਰਮੀ ਇਸ ਨੂੰ ਲੋੜ ਅਤੇ ਵਿਸ਼ੇ ਅਨੁਸਾਰ ਵਰਤ ਸਕਣ।

6.0 ਅਧਿਆਪਕਾਂ ਨੂੰ ਜਾਰੀ ਕੀਤੀ ਜਾਣ ਵਾਲੀ ਟੀ.ਐਲ.ਐਮ. ਦੀ ਰਾਸ਼ੀ ਸਬੰਧੀ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਅਧਿਆਪਕ ਵੱਲੋਂ ਕੋਈ ਵੀ ਟੀ.ਐਲ.ਐਮ. ਰੇਡੀਮੇਡ ਜਾਂ ਬਾਜਾਰੋਂ ਨਹੀਂ ਖਰੀਦੀ ਜਾਵੇਗੀ, ਬਲਕਿ ਅਧਿਆਪਕ ਆਪਣੇ ਹੱਥੀਂ ਟੀ.ਐਲ.ਐਮ. ਤਿਆਰ ਕਰਨਗੇ।

7.0 ਹੁਕਮਾ ਦੀ ਇੰਨ ਬਿੰਲ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿਠ ਅੰਕਣ ਨੰ: ਉਕਤ 65810-13 ਮਿਤੀ: 20-10-10

ਉਤਾਰਾ:
(1) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
(2) ਸਮੂਹ ਸਕੂਲ ਮੁਖੀ (ਵੈੱਬਸਾਇਟ ਰਾਹੀਂ)।
(3) ਸਮੂਹ ਈ.ਪੀ.ਡੀ.ਸੀ. ਅਤੇ ਈ.ਐਮ.ਟੀ. ਅੰਗ੍ਰੇਜ਼ੀ/ਗਣਿਤ(ਵੈੱਬਸਾਇਟ) ਰਾਹੀਂ
(4) ਡੀ.ਐਮ. (ਐਮ.ਆਈ.ਐਸ.) ਨੂੰ ਵੈੱਬਸਾਈਟ ਤੇ ਪਾਉਣ ਹਿੱਤ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ